JAGAT GURU NANAK DEV
PUNJAB STATE OPEN UNIVERSITY PATIALA
(Established by Act No.19 of 2019 of Legislature of the State of Punjab)

Ref.No./PSOU/Admissioncell/356 **Dated:- 20-03-2026**

ਦਾਖਲਾ ਨੋਟਿਸ

(ਸੈਸ਼ਨ - ਜਨਵਰੀ, 2026)

ਵੱਲ:

ਪ੍ਰਿੰਸੀਪਲ/ ਕੋਆਰਡੀਨੇਟਰ ਸਾਹਿਬਾਨ, ਸਮੂਹ ਲਰਨਿੰਗ ਸਪੋਰਟ ਸੈਂਟਰ,
ਮੁਖੀ/ਕੋ-ਆਰਡੀਨੇਟਰ ਸਾਹਿਬਾਨ, ਸਮੂਹ ਯੂਨੀਵਰਸਿਟੀ ਸਕੂਲ,
ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ।

ਵਿਸ਼ਾ- ਸੈਸ਼ਨ ਜਨਵਰੀ, 2026 ਲਈ ਦਾਖਲਾ ਪ੍ਰਕੀਰਿਆ ਦੀ ਆਖਰੀ ਮਿਤੀ ਸੰਬੰਧੀ।

ਸ੍ਰੀ ਮਾਨ ਜੀ,

ਉਪਰੋਕਤ ਦੇ ਸਬੰਧ ਵਿੱਚ ਯੂ.ਜੀ.ਸੀ ਡੈਬ(UGC DEB) ਅਤੇ ਯੂਨੀਵਰਸਿਟੀ ਕੈਲੰਡਰ ਅਨੁਸਾਰ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਪਟਿਆਲਾ ਵੱਲੋਂ ਚਲਾਏ ਜਾ ਰਹੇ ਪ੍ਰੋਗਰਾਮਾਂ ਅਧੀਨ ਸੈਸ਼ਨ ਜਨਵਰੀ, 2026 ਲਈ ਦਾਖਲਾ ਪ੍ਰਕਿਰਿਆ ਮਿਤੀ 01/01/2026 ਤੋਂ ਸ਼ੁਰੂ ਕਰ ਦਿੱਤੀ ਗਈ ਸੀ। ਸੈਸ਼ਨ ਜਨਵਰੀ, 2026 ਲਈ ਦਾਖਲੇ ਸੰਬੰਧੀ ਵਿਸਥਾਰਪੂਰਵਕ ਜਾਣਕਾਰੀ ਯੂਨੀਵਰਸਿਟੀ ਦੇ ਦਾਖਲਾ ਪੇਜ (https://admissions.psou.ac.in) ਤੇ ਉੱਪਲਬਧ ਹੈ। ਯੂਨੀਵਰਸਿਟੀ ਦੇ ਸਮੂਹ ਸੰਬੰਧਿਤ ਲਰਨਰ ਸਪੋਰਟ ਸੈਂਟਰਾਂ (LSCs) ਦੇ ਪ੍ਰਿੰਸੀਪਲ/ਕੋ-ਆਰਡੀਨੇਟਰ ਸਾਹਿਬਾਨ ਅਤੇ ਸਮੂਹ ਮੁਖੀ/ਕੋਆਰਡੀਨੇਟਰ ਸਾਹਿਬਾਨ, ਯੂਨੀਵਰਸਿਟੀ ਸਕੂਲਾਂ ਨੂੰ ਇਹ ਸੁਚਿਤ ਕੀਤਾ ਜਾਂਦਾ ਹੈ ਕਿ ਸੈਸ਼ਨ ਜਨਵਰੀ, 2026 ਦੀ ਦਾਖਲਾ ਪ੍ਰਕਿਰਿਆ ਦੀ ਆਖਰੀ ਮਿਤੀ 25/03/2026 ਹੈ।

ਨੋਟ: ਯੂਨਿਵਰਸਿਟੀ ਸਕੂਲਾਂ ਦੇ ਮੁਖੀ ਸਾਹਿਬਾਨ ਅਤੇ ਸੰਬੰਧਿਤ ਲਰਨਰ ਸਪੋਰਟ ਸੈਂਟਰਾਂ ਦੇ ਪ੍ਰਿੰਸੀਪਲ/ਕੋ-ਆਰਡੀਨੇਟਰ ਸਾਹਿਬਾਨ ਆਪਣੇ ਸੰਬੰਧਿਤ ਪੋਰਟਲ ਦੇ ਲਾਗ-ਇਨ ਵਿੱਚ ਦਾਖਲ ਵਿਦਿਆਰਥੀਆਂ ਦੀ ਵਿਦਿਅਕ ਯੋਗਤਾ ਚੈੱਕ ਕਰਨ ਉਪਰੰਤ ਦਾਖਲਾ ਫਾਰਮਾਂ ਨੂੰ ਸਮੇਂ-ਸਿਰ ਵੈਰੀਫਾਈ ਕਰਨਾ, Registration No. Generate ਕਰਨਾ ਅਤੇ DEB ਨੂੰ ਡਾਟਾ ਭੇਜਨਾ ਯਕੀਨੀ ਬਣਾਉਣ। ਦਾਖਲ ਵਿਦਿਆਰਥੀਆਂ ਨੂੰ ਵੈਰੀਫਾਈ ਕਰਨ ਉਪਰੰਤ ਸਬੰਧਤ ਡਾਟਾ ਲਾਕ ਕੀਤਾ ਜਾਵੇ ਅਤੇ ਸੰਬੰਧਿਤ ਵਿਦਿਆਰਥੀਆਂ ਦੀ ਜਮ੍ਹਾਂ ਕਰਵਾਈ ਫੀਸ ਦੀ ਜਾਣਕਾਰੀ ਭਰਨ ਉਪਰੰਤ ਅਤਿੰਮ ਰਿਪੋਰਟ, ਦਾਖਲ ਵਿਦਿਆਰਥੀਆਂ ਦੀ ਸੂਚੀ ਸਮੇਤ ਜਮ੍ਹਾਂ ਕਰਵਾਈ ਫੀਸ ਦੀ ਰਸੀਦ ਆਪਣੇ ਸੰਬੰਧਿਤ ਪੋਰਟਲ ਦੇ ਲਾਗ-ਇਨ ਵਿੱਚ ਅਪਲੋਡ ਕਰਨਾ ਲਾਜ਼ਮੀ ਬਣਾਉਣ ਜੀ। ਫਾਈਨਲ ਦਾਖਲਾ ਰਿਪੋਰਟ ਆਨਲਾਈਨ ਅਪਲੋਡ ਕਰਨ ਅਤੇ ਵਿਦਿਆਰਥੀਆਂ ਦੀ ਦਾਖਲਾ ਪ੍ਰਕਿਰਿਆ ਨੂੰ 25-03-2026 ਸ਼ਾਮ 5.00 ਵਜੇ ਤੱਕ ਪੂਰਾ ਕਰਨਾ ਯਕੀਨੀ ਬਣਾਇਆ ਜਾਵੇ ਜੀ।

ਉਪਰੋਕਤ ਸੰਬੰਧੀ ਆਪ ਜੀ ਨੂੰ ਕਿਸੇ ਵੀ ਕਿਸਮ ਦੀ ਸਮੱਸਿਆ ਆਉਂਦੀ ਹੈ ਤਾਂ ਇਸ ਸੰਬੰਧੀ ਦਾਖਲਾ ਹੈਲਪ-ਲਾਈਨ ਨੰਬਰ 94630-82523 ਅਤੇ admission.helpline@psou.ac.in ਤੇ ਸੰਪਰਕ ਕੀਤਾ ਜਾਵੇ ਜੀ।

ਮੁਖੀ,
ਦਾਖਲਾ ਸੈੱਲ
20/3/2026

ਉਤਾਰਾ ਜਾਣਕਾਰੀ ਅਤੇ ਅਗਰੇਲੀ ਕਾਰਵਾਈ ਹਿੱਤ:-

- Dean Academic Affairs, JGND PSOU, Patiala
- Registrar, JGND PSOU, Patiala
- PA to Vice Chancellor, JGND, PSOU Patiala
- Director, LSC, JGND PSOU, Patiala
- Director, CITS, JGND PSOU, Patiala
- Head, All University Schools
- Director, Public Relations. JGND PSOU, Patiala